# ਹਿਊਮਨ ਪੈਪੀਲੋਮਾਵਾਇਰਸ (HPV) ਵੈਕਸੀਨਾਂ

# Human papillomavirus (HPV) vaccine

## HPV ਵੈਕਸੀਨ ਕੀ ਹੈ?

HPV ਵੈਕਸੀਨ (ਗਾਰਡਾਸਿਲ®9) 9 ਕਿਸਮਾਂ ਦੇ ਹਿਊਮਨ ਪੈਪੀਲੋਮਾਵਾਇਰਸ (HPV) ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦਾ ਹੈ ਜੋ ਕਈ ਤਰ੍ਹਾਂ ਦੇ ਕੈਂਸਰ ਅਤੇ ਜਣਨ ਅੰਗਾਂ ਦੇ ਵਾਰਟਸ ਦਾ ਕਾਰਨ ਬਣ ਸਕਦੇ ਹਨ। ਇਹ ਵੈਕਸੀਨ ਬੀਸੀ ਦੇ ਰੁਟੀਨ ਟੀਕਾਕਰਨ ਪ੍ਰੋਗਰਾਮ ਦੇ ਹਿੱਸੇ ਵਜੋਂ ਯੋਗ ਲੋਕਾਂ ਨੂੰ ਮੁਫਤ ਦਿੱਤੀ ਜਾਂਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

## HPV ਵੈਕਸੀਨ ਕਿਸ ਨੂੰ ਲਗਵਾਉਣੀ ਚਾਹੀਦੀ ਹੈ?

ਇਸ ਵੈਕਸੀਨ ਦੀ ਹੇਠ ਲਿਖੇ ਲੋਕਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ ਮੁਫ਼ਤ ਹੈ:

- ਜਿਹੜੇ 9-26 ਸਾਲ ਦੀ ਉਮਰ ਦੇ ਹਨ
- 27-45 ਸਾਲ ਦੀ ਉਮਰ ਦੇ ਲੋਕ ਜੋ ਆਪਣੇ ਆਪ ਨੂੰ ਸਮਲਿੰਗੀ, ਦੋਲਿੰਗੀ ਅਤੇ ਹੋਰ ਮਰਦਾਂ ਨਾਲ ਸੈਕਸ ਕਰਨ ਵਾਲੇ ਮਰਦਾਂ ਦੇ ਭਾਈਚਾਰੇ ਨਾਲ ਸਬੰਧਤ ਹੋਣ ਵਜੋਂ ਪਛਾਣ ਕਰਦੇ ਹਨ, ਜਿਸ ਵਿੱਚ ਟੂ-ਸਪਿਰਿਟ, ਟ੍ਰਾਂਸਜੈਂਡਰ ਅਤੇ ਗੈਰ-ਬਾਈਨਰੀ ਲੋਕ ਸ਼ਾਮਲ ਹਨ (ਉਹ ਲੋਕ ਵੀ ਸ਼ਾਮਲ ਹਨ ਜੋ ਅਜੇ ਤੱਕ ਜਿਨਸੀ ਤੌਰ 'ਤੇ ਸਰਗਰਮ ਨਹੀਂ ਹਨ ਅਤੇ/ਜਾਂ ਆਪਣੇ ਜਿਨਸੀ ਰੁਝਾਨ 'ਤੇ ਸਵਾਲ ਕਰ ਰਹੇ ਹਨ)
- 27-45 ਸਾਲ ਦੀ ਉਮਰ ਦੇ ਹਨ ਅਤੇ HIV ਨਾਲ ਜੀ ਰਹੇ ਹਨ
- ਜਿਨ੍ਹਾਂ ਦਾ 31 ਜੁਲਾਈ, 2025 ਨੂੰ ਜਾਂ ਉਸ ਤੋਂ ਬਾਅਦ ਕੋਲਪੋਸਕੋਪੀ ਤੋਂ ਬਾਅਦ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਨ ਤਬਦੀਲੀਆਂ ਲਈ ਇਲਾਜ ਕੀਤਾ ਗਿਆ ਸੀ।

ਸਕੂਲੀ ਉਮਰ ਦੇ ਬੱਚਿਆਂ ਨੂੰ ਨਿਯਮਤ ਤੌਰ 'ਤੇ ਗ੍ਰੇਡ 6 ਵਿੱਚ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਬਾਅਦ ਦੇ ਗ੍ਰੇਡਾਂ ਵਿੱਚ ਉਹਨਾਂ ਲੋਕਾਂ ਲਈ ਜੋ ਵੈਕਸੀਨ ਲੈਣ ਤੋਂ ਖੁੰਝ ਗਏ ਹਨ। ਇਹ ਵੈਕਸੀਨ ਕਈ ਕਮਿਊਨਿਟੀ-ਆਧਾਰਿਤ ਸੈਟਿੰਗਾਂ ਵਿੱਚ ਵੀ ਉਪਲਬਧ ਹੈ। ਟੀਕਾਕਰਣ ਕਰਵਾਉਣ ਲਈ ਆਪਣੀ ਸਥਾਨਕ ਫਾਰਮੇਸੀ ਜਾਂ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰੋ। ਫਸਟ ਨੇਸ਼ਨਜ਼ ਕਮਿਊਨਿਟੀਆਂ ਵਿੱਚ ਰਹਿਣ ਵਾਲੇ ਲੋਕ ਅਪਾਇੰਟਮੈਂਟ ਬੁੱਕ ਕਰਨ ਲਈ ਆਪਣੇ ਕਮਿਊਨਿਟੀ ਹੈਲਥ ਸੈਂਟਰ ਜਾਂ ਨਰਸਿੰਗ ਸਟੇਸ਼ਨ ਨਾਲ ਸੰਪਰਕ ਕਰ ਸਕਦੇ ਹਨ।

ਜਿਹੜੇ ਮੁਫ਼ਤ HPV ਵੈਕਸੀਨ ਲਈ ਯੋਗ ਨਹੀਂ ਹਨ, ਉਹ ਇਸਨੂੰ ਜ਼ਿਆਦਾਤਰ ਫਾਰਮੇਸੀਆਂ ਅਤੇ ਯਾਤਰਾ ਕਲੀਨਿਕਾਂ ਤੋਂ ਖਰੀਦ ਸਕਦੇ ਹਨ।

## ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਇਹ ਵੈਕਸੀਨ ਉਮਰ ਅਤੇ ਹੋਰ ਕਾਰਕਾਂ ਦੇ ਆਧਾਰ 'ਤੇ ਇੱਕ ਖੁਰਾਕ ਜਾਂ ਖੁਰਾਕਾਂ ਦੀ ਇੱਕ ਲੜੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਗ9-20 ਸਾਲ ਦੀ ਉਮਰ ਦੇ ਲੋਕਾਂ ਨੂੰ ਵੈਕਸੀਨ ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ। 21 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ 2 ਖੁਰਾਕਾਂ ਮਿਲਣੀਆਂ ਚਾਹੀਦੀਆਂ ਹਨ। 9 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਵੈਕਸੀਨ ਦੀਆਂ ਤਿੰਨ ਖੁਰਾਕਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜੋ:

- ਜਿੰਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੈ
- HIV ਨਾਲ ਜੀ ਰਹੇ ਹੋ
- ਕੋਲਪੋਸਕੋਪੀ ਤੋਂ ਬਾਅਦ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਨ ਤਬਦੀਲੀਆਂ ਲਈ ਇਲਾਜ ਕੀਤਾ ਗਿਆ ਸੀ।

ਜਿਨਸੀ ਤੌਰ 'ਤੇ ਸਰਗਰਮ ਹੋਣ ਅਤੇ HPV ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਟੀਕਾਕਰਨ ਕਰਵਾਉਣਾ ਸਭ ਤੋਂ ਵਧੀਆ ਹੈ ਕਿਉਂਕਿ ਵੈਕਸੀਨ ਲਾਗ ਨੂੰ ਰੋਕਦਾ ਹੈ ਪਰ ਇਸਨੂੰ ਠੀਕ ਨਹੀਂ ਕਰਦਾ।

## ਵੈਕਸੀਨ ਦੇ ਕੀ ਫਾਇਦੇ ਹਨ?

ਇਹ ਵੈਕਸੀਨ 9 ਕਿਸਮਾਂ ਦੇ HPV ਤੋਂ ਲਾਗ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹੈ। ਇਹ ਟੀਕਾ 7 ਕਿਸਮਾਂ ਦੇ HPV ਤੋਂ ਬਚਾਉਂਦਾ ਹੈ ਜੋ ਗੁਦਾ, ਬੱਚੇਦਾਨੀ ਦਾ ਮੂੰਹ, ਮੂੰਹ ਅਤੇ ਗਲੇ, ਲਿੰਗ, ਯੋਨੀ ਅਤੇ ਵਲਵਾ ਦੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਇਹ ਵੈਕਸੀਨ ਦੋ ਕਿਸਮਾਂ ਦੇ HPV ਤੋਂ ਵੀ ਬਚਾਉਂਦੀ ਹੈ ਜੋ ਜਣਨ ਅੰਗਾਂ ਦੇ ਵਾਰਟਸ ਦਾ ਕਾਰਨ ਬਣਦੇ ਹਨ।

ਬੱਚੇਦਾਨੀ ਦੇ ਮੂੰਹ ਦੀ ਨਿਯਮਤ ਜਾਂਚ ਕਰਵਾਉਣਾ ਮਹੱਤਵਪੂਰਨ ਹੈ ਕਿਉਂਕਿ HPV ਵੈਕਸੀਨ, HPV ਦੀਆਂ ਜ਼ਿਆਦਾਤਰ ਕਿਸਮਾਂ, ਪਰ ਸਾਰੀਆਂ ਨਹੀਂ ਤੋਂ ਬਚਾਉਂਦੀ ਹੈ ਜੋ ਸਰਵੀਕਲ ਕੈਂਸਰ ਦਾ ਕਾਰਨ ਬਣਦੀਆਂ ਹਨ।

## ਵੈਕਸੀਨ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਲਗਾਏ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ। ਸਿਰ ਦਰਦ, ਬੁਖਾਰ, ਮਤਲੀ, ਚੱਕਰ ਆਉਣੇ, ਥਕਾਵਟ, ਦਸਤ ਅਤੇ ਮਾਸਪੇਸ਼ੀਆਂ ਵਿੱਚ ਵੀ ਦਰਦ ਹੋ ਸਕਦਾ ਹੈ।

ਐਸੀਟਾਮਿਨੋਫ਼ਿਨ (ਜਿਵੇਂ ਕਿ ਟਾਇਲੇਨੋਲ®) ਜਾਂ ਆਈਬਿਊਪਰੋਫ਼ੈਨ (ਜਿਵੇਂ ਕਿ ਐਡਵਿਲ®) ਬੁਖ਼ਾਰ ਜਾਂ ਦਰਦ ਲਈ ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਾਹਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸਨੂੰ HPV ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ HPV ਵੈਕਸੀਨ ਦੀ ਪਿਛਲੀ ਖੁਰਾਕ ਜਾਂ ਯੀਸਟ ਸਮੇਤ, ਵੈਕਸੀਨ ਦੇ ਕਿਸੇ ਵੀ ਹਿੱਸੇ ਲਈ ਜਾਨਲੇਵਾ ਪ੍ਰਤੀਕਿਰਿਆ ਹੋਈ ਹੈ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## HPV ਕੀ ਹੈ?

HPV ਸਭ ਤੋਂ ਆਮ ਜਿਨਸੀ ਤੌਰ 'ਤੇ ਸੰਚਾਰਿਤ ਲਾਗਾਂ (STIs) ਵਿੱਚੋਂ ਇੱਕ ਹੈ। ਜਿਨਸੀ ਤੌਰ 'ਤੇ ਸਰਗਰਮ 4 ਵਿੱਚੋਂ 3 ਲੋਕ, ਜਿਨ੍ਹਾਂ ਦਾ ਟੀਕਾਕਰਨ ਨਹੀਂ ਹੋਇਆ ਹੈ, ਕਿਸੇ ਵੀ ਸਮੇਂ HPV ਤੋਂ ਸੰਕ੍ਰਮਿਤ ਹੋ ਜਾਣਗੇ। ਕੋਈ ਵੀ ਵਿਅਕਤੀ ਜਿਸਦਾ ਕਿਸੇ ਵੀ ਤਰ੍ਹਾਂ ਦਾ ਮੂੰਹ, ਜਣਨ ਅੰਗ ਜਾਂ ਗੁਦਾ ਨਾਲ ਜਿਨਸੀ ਸੰਪਰਕ ਹੁੰਦਾ ਹੈ, ਉਸਨੂੰ HPV ਹੋ ਸਕਦਾ ਹੈ। ਸੰਕਰਮਿਤ ਹੋਣ ਲਈ ਜਿਨਸੀ ਸੰਬੰਧ ਜ਼ਰੂਰੀ ਨਹੀਂ ਹਨ। ਜਿੰਨੇ ਜ਼ਿਆਦਾ ਜਿਨਸੀ ਸਾਥੀ ਹੋਣਗੇ, ਤੁਹਾਨੂੰ HPV ਨਾਲ ਸੰਕਰਮਿਤ ਹੋਣ ਦਾ ਖ਼ਤਰਾ ਓਨਾ ਹੀ ਜ਼ਿਆਦਾ ਹੋਵੇਗਾ। ਮਰਦਾਂ ਨਾਲ ਸੰਭੋਗ ਕਰਨ ਵਾਲੇ ਮਰਦਾਂ ਨੂੰ ਵੀ HPV ਇਨਫੈਕਸ਼ਨ ਦਾ ਖ਼ਤਰਾ ਵਧੇਰੇ ਹੁੰਦਾ ਹੈ।

## ਜਦੋਂ ਤੁਸੀਂ HPV ਨਾਲ ਸੰਕਰਮਿਤ ਹੁੰਦੇ ਹੋ ਤਾਂ ਕੀ ਹੁੰਦਾ ਹੈ?

HPV ਨਾਲ ਸੰਕਰਮਿਤ ਜ਼ਿਆਦਾਤਰ ਲੋਕ ਕੋਈ ਸੰਕੇਤ ਜਾਂ ਲੱਛਣ ਨਹੀਂ ਦਿਖਾਉਂਦੇ ਅਤੇ ਬਿਨਾਂ ਜਾਣੇ ਦੂਜਿਆਂ ਨੂੰ ਵਾਇਰਸ ਦੇ ਸਕਦੇ ਹਨ। ਅਕਸਰ HPV ਇਨਫੈਕਸ਼ਨ ਆਪਣੇ ਆਪ ਠੀਕ ਹੋ ਜਾਂਦੀ ਹੈ। ਕੁਝ ਲੋਕਾਂ ਲਈ, HPV ਦੂਰ ਨਹੀਂ ਹੁੰਦਾ ਅਤੇ ਵਾਇਰਸ ਨਾਲ ਸੰਕਰਮਿਤ ਸੈੱਲ ਸਮੇਂ ਦੇ ਨਾਲ ਕੈਂਸਰ ਤੋਂ ਪਹਿਲਾਂ ਜਾਂ ਕੈਂਸਰ ਵਾਲੇ ਬਣ ਸਕਦੇ ਹਨ।

ਹਰ ਸਾਲ ਬੀ.ਸੀ. ਵਿੱਚ ਲਗਭਗ:

- 230 ਲੋਕਾਂ ਨੂੰ ਸਰਵੀਕਲ ਕੈਂਸਰ ਹੋਵੇਗਾ ਅਤੇ 55 ਲੋਕਾਂ ਦੀ ਮੌਤ ਇਸ ਬਿਮਾਰੀ ਨਾਲ ਹੋਵੇਗੀ।
- 6,000 ਲੋਕਾਂ ਨੂੰ ਬੱਚੇਦਾਨੀ ਦੇ ਮੂੰਹ ਵਿੱਚ ਉੱਚ ਜੋਖਮ ਵਾਲੇ ਬਦਲਾਅ ਹੋਣਗੇ ਜੋ ਕਿ ਕੈਂਸਰ ਤੋਂ ਪਹਿਲਾਂ ਦੇ ਹਨ

- 140 ਲੋਕਾਂ ਨੂੰ ਗੁਦਾ ਦਾ ਕੈਂਸਰ ਹੋਵੇਗਾ ਅਤੇ 25 ਇਸ ਬਿਮਾਰੀ ਨਾਲ ਮਰ ਜਾਣਗੇ
- 5,500 ਲੋਕਾਂ ਵਿੱਚ ਜਣਨ ਅੰਗਾਂ ਦੇ ਵਾਰਟਸ ਵਿਕਸਤ ਹੋਣਗੇ

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

## ਹੋਰ ਜਾਣਕਾਰੀ ਲਈ

- HealthlinkBC File # 101a ਹਿਊਮਨ ਪੈਪੀਲੋਮਾਵਾਇਰਸ (HPV) ਦੀ ਲਾਗ ਅਤੇ ਜਣਨ ਅੰਗਾਂ ਦੇ ਵਾਰਟਸ
- ਟੀਕਾਕਰਨ